

# ਲੇਟੈਂਟ ਟਿਊਬਰਕੁਲੋਸਿਸ ਸੰਕ੍ਰਮਣ

## ਜਾਂਚ ਅਤੇ ਇਲਾਜ ਬਾਰੇ ਜਾਣੋ

NYC Health

ਤਪੇਦਿਕ (Tuberculosis, TB) ਦੇ ਰੋਗਾਣੂ ਜੀਵਨ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਰੋਗ ਦਾ ਕਾਰਨ ਬਣ ਸਕਦੇ ਹਨ। ਖੁਸ਼ਕਿਸਮਤੀ ਨਾਲ, **ਤਪੇਦਿਕ ਸੰਕ੍ਰਮਣ** ਵਾਲੇ ਬਹੁਤ ਸਾਰੇ ਲੋਕਾਂ ਦੇ ਬਿਮਾਰ ਹੋਣ ਤੋਂ ਪਹਿਲਾਂ ਉਹਨਾਂ ਦਾ ਇਲਾਜ ਕੀਤਾ ਜਾ ਸਕਦਾ ਹੈ।

- **ਤਪੇਦਿਕ** ਸੰਕ੍ਰਮਣ **ਬਾਰੇ ਜਾਣੋ**।
- **ਜੇ ਤੁਹਾਨੂੰ ਜੋਖਮ ਹੈ** ਤਾਂ ਟੈਸਟ ਕਰਾਓ।
- **ਜੇ ਤੁਹਾਨੂੰ** ਤਪੇਦਿਕ ਸੰਕ੍ਰਮਣ **ਹੈ ਤਾਂ ਇਲਾਜ ਕਰਾਓ**।

# ਇਹ ਜਾਣੋ

**ਤਪੇਦਿਕ ਸੰਕ੍ਰਮਣ** ਮਾਇਕੋਬੈਕਟੀਰੀਅਮ ਟਿਊਬਰਕੁਲੋਸਿਸ ਕਹਾਉਂਦੇ ਇੱਕ ਕਿਸਮ ਦੇ ਰੋਗਾਣੂ ਕਾਰਨ ਹੁੰਦਾ ਹੈ। ਠੀਕ ਮਹਿਸੂਸ ਕਰਨ ਵਾਲੇ ਵਿਅਕਤੀ ਨੂੰ ਵੀ ਤਪੇਦਿਕ ਸੰਕ੍ਰਮਣ ਹੋ ਸਕਦਾ ਹੈ। ਸਿਹਤ ਦੇਖਭਾਲ ਪ੍ਰਦਾਤਾ ਇਸ ਨੂੰ **ਲੇਟੰਟ ਤਪੇਦਿਕ ਸੰਕ੍ਰਮਣ** ਕਹਿੰਦੇ ਹਨ। ਲੇਟੰਟ ਦਾ ਮਤਲਬ ਅਕ੍ਰਿਆਸ਼ੀਲ ਹੈ।


- ਸੰਕ੍ਰਮਣ ਤੁਹਾਡੇ ਸਰੀਰ ਵਿੱਚ ਲੰਮੇ ਸਮੇਂ ਲਈ ਰਹਿ ਸਕਦਾ ਹੈ। ਇਹ ਆਖ਼ਰਕਾਰ ਤੁਹਾਨੂੰ ਜ਼ਿਆਦਾ ਬਿਮਾਰ ਕਰ ਸਕਦਾ ਹੈ।

- ਜੇ ਤੁਸੀਂ ਸੰਕ੍ਰਮਣ ਤੋਂ ਬਿਮਾਰ ਹੁੰਦੇ ਹੋ, ਤਾਂ ਇਸ ਨੂੰ **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਕਿਹਾ ਜਾਂਦਾ ਹੈ।

- ਤਪੇਦਿਕ ਸੰਕ੍ਰਮਣ ਲਈ ਦਵਾਈ ਲੈਣਾ ਤੁਹਾਨੂੰ **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਵਿਕਸਿਤ ਹੋਣ ਤੋਂ ਬਚਾ ਸਕਦਾ ਹੈ।

- **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਇੱਕ ਗੰਭੀਰ ਰੋਗ ਹੈ ਜਿਸ ਨੂੰ ਜੇ ਇਲਾਜ ਦੇ ਬਿਨਾਂ ਛੱਡਿਆ ਜਾਵੇ ਤਾਂ ਲੋਕ ਮਰ ਸਕਦੇ ਹਨ।

ਤੁਸੀਂ **ਲੇਟੰਟ ਤਪੇਦਿਕ ਸੰਕ੍ਰਮਣ** ਨੂੰ ਦੂਜਿਆਂ ਵਿੱਚ ਫੈਲਾ ਨਹੀਂ ਸਕਦੇ। ਪਰ ਜੇ ਤੁਸੀਂ **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਦੇ ਨਾਲ ਬਿਮਾਰ ਹੁੰਦੇ ਹੋ, ਤਾਂ ਤੁਸੀਂ ਦੂਜੇ ਲੋਕਾਂ ਨੂੰ ਵੀ ਬਿਮਾਰ ਕਰ ਸਕਦੇ ਹੋ। ਤੁਸੀਂ ਬੱਸ ਖਾਂਸੀ ਜਾਂ ਗੱਲ ਕਰਕੇ **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਨੂੰ ਫੈਲਾ ਸਕਦੇ ਹੋ।



# ਇਹ ਜਾਣੋ

## ਲੇਟੰਟ ਤਪੇਦਿਕ ਸੰਕ੍ਰਮਣ ਕਿਹੋ ਜਿਹਾ ਨਜ਼ਰ ਆਉਂਦਾ ਹੈ?

**ਲੇਟੰਟ ਤਪੇਦਿਕ ਸੰਕ੍ਰਮਣ** ਕਾਰਨ ਕੋਈ ਲੱਛਣ ਪੈਦਾ ਨਹੀਂ ਹੁੰਦੇ, ਇਸਲਈ ਇਹ ਆਮ ਤੌਰ 'ਤੇ ਕਿਸੇ ਵੀ ਚੀਜ਼ ਵਾਂਗ ਨਹੀਂ ਦਿਖਾਈ ਦਿੰਦਾ। ਨਿਸ਼ਚਿਤ ਤੌਰ 'ਤੇ ਜਾਣਨ ਦਾ ਸਿਰਫ਼ ਇੱਕ ਤਰੀਕਾ ਇੱਕ ਤਪੇਦਿਕ ਟੈਸਟ ਕਰਾਉਣਾ ਹੈ।

## ਕ੍ਰਿਆਸ਼ੀਲ ਤਪੇਦਿਕ ਬਿਮਾਰੀ ਕਿਹੋ ਜਿਹੀ ਨਜ਼ਰ ਆਉਂਦੀ ਹੈ?

### ਕ੍ਰਿਆਸ਼ੀਲ ਤਪੇਦਿਕ ਬਿਮਾਰੀ ਵਾਲੇ ਲੋਕਾਂ ਨੂੰ ਸ਼ਾਇਦ ਹੇਠ ਲਿਖਿਆ ਹੋ ਸਕਦਾ ਹੈ:

- ਖਾਂਸੀ ਜੋ ਠੀਕ ਨਹੀਂ ਹੁੰਦੀ ਹੈ
- ਤੇਜ਼ ਬੁਖ਼ਾਰ
- ਰਾਤ ਸਮੇਂ ਤਰੇਲੀਆਂ
- ਬਹੁਦ ਜ਼ਿਆਦਾ ਥਕਾਨ
- ਭਾਰ ਘਟਣਾ

**ਮੈਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਕਿਵੇਂ ਬਚਾ ਸਕਦਾ/ਸਕਦੀ ਹਾਂ?**
**ਟੈਸਟ ਕਰਾਓ ਅਤੇ ਇਲਾਜ ਕਰਾਓ।**

## ਲੇਟੰਟ ਤਪੇਦਿਕ ਸੰਕ੍ਰਮਣ ਦੀ ਕਹਾਣੀ

"ਕੁਝ ਸਾਲ ਪਹਿਲਾਂ, ਮੇਰਾ ਤਪੇਦਿਕ ਖ਼ੂਨ ਟੈਸਟ ਪੋਜ਼ਿਟਿਵ ਆਇਆ ਸੀ। ਮੇਰੇ ਡਾਕਟਰ ਨੇ ਮੈਨੂੰ ਦੱਸਿਆ ਕਿ ਮੈਨੂੰ ਲੇਟੰਟ ਤਪੇਦਿਕ ਸੰਕ੍ਰਮਣ ਸੀ। ਮੈਂ ਠੀਕ-ਠਾਕ ਮਹਿਸੂਸ ਕੀਤਾ, ਇਸਲਈ ਮੈਂ ਉਸ ਦੁਆਰਾ ਮੈਨੂੰ ਦਿੱਤੀ ਕੋਈ ਦਵਾਈ ਨਹੀਂ ਲਿੱਤੀ। ਪਿਛਲੇ ਮਹੀਨੇ, ਮੈਂ ਬੁਖ਼ਾਰ ਅਤੇ ਖਾਂਸੀ ਦੇ ਨਾਲ ਬਹੁਤ ਬਿਮਾਰ ਹੋ ਗਿਆ/ਗਈ। ਹੁਣ ਮੈਨੂੰ ਕ੍ਰਿਆਸ਼ੀਲ ਤਪੇਦਿਕ ਸੰਕ੍ਰਮਣ ਹੈ। ਮੈਨੂੰ ਹੁਣ ਬਹੁਤ ਸਾਰੀ ਦਵਾਈ ਲੈਣੀ ਪੈਂਦੀ ਹੈ। ਮੈਂ ਸ਼ਾਇਦ ਹੋਰ ਲੋਕਾਂ ਨੂੰ ਬਿਮਾਰ ਵੀ ਕੀਤਾ ਹੋਵੇ। ਜੇ ਮੈਂ ਪਹਿਲਾਂ ਹੀ ਆਪਣੀ ਦਵਾਈ ਲੈ ਲਈ ਹੁੰਦੀ ਜਦੋਂ ਮੈਨੂੰ ਪਤਾ ਲੱਗਿਆ ਸੀ ਕਿ ਮੈਨੂੰ ਇੱਕ ਤਪੇਦਿਕ ਸੰਕ੍ਰਮਣ ਸੀ, ਤਾਂ ਇਹ ਨਹੀਂ ਹੋਇਆ ਹੋਣਾ ਸੀ।"

# ਟੈਸਟ ਕਰਾਓ

## ਮੈਨੂੰ ਕਿਵੇਂ ਪਤਾ ਲੱਗਦਾ ਹੈ ਕਿ ਮੈਨੂੰ ਇੱਕ ਤਪੇਦਿਕ ਸੰਕ੍ਰਮਣ ਹੈ? ਜਾਣਨ ਦਾ ਇੱਕੋ-ਇੱਕ ਤਰੀਕਾ ਟੈਸਟ ਕਰਾਉਣਾ ਹੈ।

### ਜੇ ਤੁਸੀਂ ਇਹਨਾਂ ਸਵਾਲਾਂ ਵਿੱਚੋਂ ਕਿਸੇ ਦਾ ਹਾਂ ਵਿੱਚ ਜਵਾਬ ਦਿੰਦੇ ਹੋ ਤਾਂ ਟੈਸਟ ਕਰਾਓ:

- ਕੀ ਤੁਸੀਂ ਅਜਿਹੇ ਕਿਸੇ ਵਿਅਕਤੀ ਨਾਲ ਰਹਿ ਚੁੱਕੇ ਜਾਂ ਸਮਾਂ ਬਿਤਾ ਚੁੱਕੇ ਹੋ ਜਿਸ ਨੂੰ **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਹੋਈ ਸੀ ਜਾਂ ਹੋਈ ਹੋ ਸਕਦੀ ਹੈ?
- ਕੀ ਤੁਸੀਂ HIV, ਸ਼ੂਗਰ, ਕੈਂਸਰ ਜਾਂ ਕਿਸੇ ਹੋਰ ਬਿਮਾਰੀ ਦੇ ਨਾਲ ਜ਼ਿੰਦਗੀ ਬਿਤਾ ਰਹੇ ਹੋ ਜੋ ਤੁਹਾਡੀ ਪ੍ਰਤੀਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਬਣਾ ਸਕੇਗੀ?
- ਕੀ ਤੁਸੀਂ ਦਵਾਈ ਲੈਂਦੇ ਹੋ ਜੋ ਤੁਹਾਡੀ ਪ੍ਰਤੀਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਬਣਾਉਂਦੀ ਹੈ?
- ਕੀ ਤੁਹਾਡਾ ਜਨਮ ਤਪੇਦਿਕ ਦੇ ਉੱਚ ਪ੍ਰਭਾਵ-ਖੇਤਰ ਵਿੱਚ ਹੋਇਆ ਸੀ, ਜਾਂ ਇਸ ਅੰਦਰ ਰਹਿ ਚੁੱਕੇ ਹੋ (ਲਗਾਤਾਰ 30 ਦਿਨਾਂ ਤੋਂ ਜ਼ਿਆਦਾ), ਜਿਵੇਂ ਕਿ ਅਫਰੀਕਾ, ਏਸ਼ੀਆ, ਮੈਕਸੀਕੋ, ਕੇਂਦਰੀ ਜਾਂ ਦੱਖਣੀ ਅਮਰੀਕਾ, ਕੈਰਬਿਆਈ, ਜਾਂ ਪੂਰਵੀ ਯੂਰਪ?

**ਆਪਣ ਪ੍ਰਦਾਤਾ ਨੂੰ ਤਪੇਦਿਕ ਸੰਕ੍ਰਮਣ ਲਈ ਖੂਨ ਦੇ ਟੈਸਟ ਵਾਸਤੇ ਆਖੋ।**

## ਲੇਟੰਟ ਤਪੇਦਿਕ ਸੰਕ੍ਰਮਣ ਦੀ ਕਹਾਣੀ

"ਮੈਂ ਉਸ ਦੇਸ਼ ਤੋਂ ਹਾਂ ਜਿੱਥੇ ਬਹੁਤ ਸਾਰੇ ਲੋਕਾਂ ਨੂੰ ਤਪੇਦਿਕ ਹੈ। ਮੇਰੇ ਡਾਕਟਰ ਨੇ ਮੇਰੇ ਖ਼ੂਨ ਦਾ ਟੈਸਟ ਕੀਤਾ। ਟੈਸਟ ਪੋਜ਼ਿਟਿਵ ਸੀ। ਭਾਵੇਂ ਮੈਂ ਬਿਮਾਰ ਮਹਿਸੂਸ ਨਹੀਂ ਕੀਤਾ ਸੀ, ਮੈਨੂੰ ਪਤਾ ਲਗਾ ਕੇ ਖੁਸ਼ੀ ਹੋਈ। ਮੈਂ ਆਪਣੇ ਲੇਟੰਟ ਤਪੇਦਿਕ ਸੰਕ੍ਰਮਣ ਲਈ ਇਲਾਜ ਲੈ ਰਿਹਾ/ਰਹੀ ਹਾਂ, ਇਸਲਈ, ਮੈਂ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਦੇ ਨਾਲ ਬਿਮਾਰ ਨਹੀਂ ਹੋਵਾਂਗਾ/ਹੋਵਾਂਗੀ।"

# ਟੈਸਟ ਕਰਾਓ

## ਮੈਨੂੰ ਪਤਾ ਲੱਗਿਆ ਕਿ ਮੈਨੂੰ ਲੇਟੰਟ ਤਪੇਦਿਕ ਸੰਕ੍ਰਮਣ ਹੈ। ਹੁਣ ਕੀ?

ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਨੂੰ ਕਿਹੜਾ ਇਲਾਜ ਲੈਣਾ ਚਾਹੀਦਾ ਹੈ। ਇੱਥੇ ਵੱਖ-ਵੱਖ ਇਲਾਜ ਵਿਕਲਪ ਉਪਲਬਧ ਹਨ। ਇੱਕ **ਲੇਟੰਟ ਤਪੇਦਿਕ ਸੰਕ੍ਰਮਣ** ਲਈ ਇਲਾਜ ਤੁਹਾਨੂੰ **ਕ੍ਰਿਆਸ਼ੀਲ ਤਪੇਦਿਕ ਬਿਮਾਰੀ** ਦੇ ਨਾਲ ਬਚਾਉਣ ਵਿੱਚ ਮਦਦ ਕਰਦਾ ਹੈ, ਜੋ ਤੁਸੀਂ ਦੂਜੇ ਲੋਕਾਂ ਵਿੱਚ ਫੈਲਾ ਸਕਦੇ ਹੋ।

**ਟੈਸਟ ਕਰਾਉਣਾ ਤੁਹਾਨੂੰ ਅਤੇ ਤੁਹਾਡੇ ਚਹੇਤਿਆਂ ਨੂੰ ਬਚਾਏਗਾ।**

## ਲੇਟੰਟ ਤਪੇਦਿਕ ਸੰਕ੍ਰਮਣ ਦੀ ਕਹਾਣੀ

"ਮੈ ਸੋਚਿਆ ਕਿ ਮੇਰੇ ਲੇਟੰਟ ਤਪੇਦਿਕ ਸੰਕ੍ਰਮਣ ਦੇ ਨਾਲ ਇਲਾਜ ਕਰਾਉਣ ਲਈ ਵਾਕਈ ਲੰਮਾ ਸਮਾਂ ਲੱਗੇਗਾ। ਮੇਰੇ ਡਾਕਟਰ ਨੇ ਮੈਨੂੰ ਜ਼ਿਆਦਾ ਨਵੇਂ, ਛੋਟੇ ਇਲਾਜ ਬਾਰੇ ਦੱਸਿਆ। ਇਸ ਵਿੱਚ ਸਿਰਫ਼ ਤਿੰਨ ਮਹੀਨੇ ਲੱਗੇ। ਮੈਨੂੰ ਸਿਰਫ਼ ਹਰ ਹਫਤੇ ਇੱਕ ਵਾਰ ਦਵਾਈ ਲੈਣੀ ਪਈ ਸੀ। ਹੁਣ ਮੈਂ ਕਰ ਲਿਆ ਹੈ, ਪਰ ਮੈਨੂੰ ਚਿੰਤਾ ਹੈ ਕਿ ਮੈਨੂੰ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਹੋ ਜਾਵੇਗੀ ਅਤੇ ਆਪਣੇ ਪਰਿਵਾਰ ਵਿੱਚ ਇਸ ਨੂੰ ਫੈਲਾਵਾਂਗਾ/ਫੈਲਾਵਾਂਗੀ।"

# ਵਸੀਲੇ

- "NYC Health Map" (ਨਿਊ ਯਾਰਕ ਸਿਟੀ ਹੈਲਥ ਮੈਪ): **nyc.gov/health/map**
  - NYC ਸਿਹਤ ਵਿਭਾਗ Chest Centers (ਚੈਸਟ ਸੈਂਟਰਸ) ਤੁਹਾਡੀ ਭਾਸ਼ਾ ਵਿੱਚ ਤਪੇਦਿਕ ਲਈ ਮੁਫ਼ਤ ਮੁਲਾਂਕਣ ਅਤੇ ਇਲਾਜ ਪ੍ਰਦਾਤਾ ਕਰਦਾ ਹੈ। ਉਹ ਤੁਹਾਡੀ ਆਵਾਸ ਸਥਿਤੀ ਬਾਰੇ ਨਹੀਂ ਪੁੱਛਦੇ ਹਨ।
- ਰੋਗ ਨਿਯੰਤ੍ਰਣ ਅਤੇ ਰੋਕਥਾਮ ਲਈ ਕੇਂਦਰ (Centers for Disease Control and Prevention, CDC) ਤਪੇਦਿਕ ਦੀਆਂ ਨਿੱਜੀ ਕਹਾਣੀਆਂ: **cdc.gov/tb/topic/basics/personalstories.htm**
- We Are TB ਮਰੀਜ਼ ਸਹਾਇਤਾ ਨੈੱਟਵਰਕ: **wearetb.com**

**ਆਪਣੇ-ਆਪ ਅਤੇ ਆਪਣੇ ਚਹੇਤਿਆਂ ਨੂੰ ਬਚਾਉਣ ਲਈ ਟੈਸਟ ਅਤੇ ਇਲਾਜ ਕਰਾਓ।**

ਵਧੇਰੀ ਜਾਣਕਾਰੀ ਲਈ, ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ **nyc.gov/health/tb** 'ਤੇ ਜਾਓ।

NYC Health